# ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ,ਪੰਜਾਬ
# ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।

ਵੱਲ,

1. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
2. ਰਾਜ ਦੇ ਸਮੂਹ ਸਕੂਲਾਂ ਦੇ ਮੁੱਖੀ (ਵੈਬ-ਸਾਈਟ ਦੇ ਰਾਹੀਂ)

ਮੀਮੋ ਨੰ: ਸਸਅ/ਐਮਸੀ/2011/16750-16770
ਮਿਤੀ,ਚੰਡੀਗੜ੍ਹ 21-02-2011

ਵਿਸ਼ਾ:- ਛੇਵੀਂ, ਸੱਤਵੀਂ ਅਤੇ ਅੱਠਵੀਂ ਜਮਾਤਾਂ ਦੀ ਮਾਰਚ 2011 ਦੀ ਸਾਲਾਨਾ ਪ੍ਰੀਖਿਆ ਅਤੇ ਨੌਵੀਂ ਜਮਾਤ ਦੀ ਦੂਜੇ ਸਮੈਸਟਰ ਦੀ ਪ੍ਰੀਖਿਆਵਾਂ ਦੀ ਡੇਟਸ਼ੀਟ।

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਸਿੱਖਿਆ ਵਿਭਾਗ ਵੱਲੋਂ ਪੰਜਾਬ ਰਾਜ ਦੇ ਸਾਰੇ ਸਕੂਲਾਂ ਦੇ ਲਈ ਛੇਵੀਂ, ਸੱਤਵੀਂ ਅਤੇ ਅੱਠਵੀਂ ਦੀ ਮਾਰਚ 2011 ਵਿੱਚ ਹੋਣ ਵਾਲੀ ਸਾਲਾਨਾ ਪ੍ਰੀਖਿਆ ਅਤੇ ਨੌਵੀਂ ਜਮਾਤ ਦੀ ਦੂਜੇ ਸਮੈਸਟਰ ਦੀ ਪ੍ਰੀਖਿਆ ਮਿਤੀ 09-03-2011 ਤੋਂ ਸ਼ੁਰੂ ਹੋ ਰਹੀ ਹੈ। ਛੇਵੀਂ, ਸੱਤਵੀਂ ਅਤੇ ਅੱਠਵੀਂ ਦੀ ਸਾਲਾਨਾ ਪ੍ਰੀਖਿਆ, ਸਾਰੇ ਸਿਲੇਬਸ ਵਿੱਚੋਂ ਲਈ ਜਾਵੇਗੀ ਅਤੇ ਨੌਵੀਂ ਜਮਾਤ ਲਈ ਸਿਲੇਬਸ ਸਿਰਫ਼ ਦੂਸਰੇ ਸਮੈਸਟਰ ਦਾ ਆਵੇਗਾ। ਸਾਲਾਨਾ ਪ੍ਰੀਖਿਆ ਲਈ **ਹੈੱਡ**-ਆਫਿਸ ਤੋਂ ਸਿਰਫ਼ ਚਾਰ ਵਿਸ਼ਿਆਂ ਅੰਗਰੇਜ਼ੀ, ਗਣਿਤ, ਸਮਾਜਿਕ ਸਿੱਖਿਆ ਅਤੇ ਵਿਗਿਆਨ ਦੇ ਪ੍ਰਸ਼ਨ ਪੱਤਰ ਦਿੱਤੇ ਜਾਣਗੇ ਅਤੇ ਪੇਪਰ ਵਾਲੇ ਦਿਨ ਇਨ੍ਹਾਂ ਚਾਰ ਵਿਸ਼ਿਆਂ ਦੇ ਪ੍ਰਸ਼ਨ-ਪੱਤਰ **web-site** ਤੋਂ **upload** ਵੀ ਕੀਤੇ ਜਾਣਗੇ।ਬਾਕੀ ਦੇ ਸਾਰੇ ਵਿਸ਼ਿਆਂ ਦੇ ਪ੍ਰਸ਼ਨ ਪੱਤਰ, ਸਕੂਲ ਮੁੱਖੀ ਦੁਆਰਾ ਵਿਸ਼ਾ ਅਧਿਆਪਕ ਤੋਂ ਤਿਆਰ ਕਰਵਾਏ ਜਾਣਗੇ। ਉਪਰੋਕਤ ਪ੍ਰੀਖਿਆ ਦੀ ਡੇਟਸ਼ੀਟ ਹੇਠ ਲਿਖੇ ਅਨੁਸਾਰ ਹੈ :-

| ਮਿਤੀ | ਦਿਨ | ਜਮਾਤ ਛੇਵੀਂ | ਜਮਾਤ ਸੱਤਵੀਂ | ਜਮਾਤ ਅੱਠਵੀਂ | ਜਮਾਤ ਨੌਵੀਂ |
|---|---|---|---|---|---|
| 09-03-2011 | ਬੁੱਧਵਾਰ | ਪੰਜਾਬੀ | ਕੰਪਿਊਟਰ | ਕੰਪਿਊਟਰ | ਸਾਇੰਸ |
| 10-03-2011 | ਵੀਰਵਾਰ | ਕੰਪਿਊਟਰ | ਹਿੰਦੀ | ਸਾਇੰਸ | ਪੰਜਾਬੀ ਏ |
| 11-03-2011 | ਸ਼ੁਕਰਵਾਰ | ਅੰਗਰੇਜ਼ੀ | ਸਰੀਰਕ ਸਿੱਖਿਆ | ਪੰਜਾਬੀ | ਚੋਣਵਾਂ ਵਿਸ਼ਾ |
| 12-03-2011 | ਦੂਸਰਾ ਸ਼ਨੀਵਾਰ | ਛੁੱਟੀ | ਛੁੱਟੀ | ਛੁੱਟੀ | ਛੁੱਟੀ |
| 13-03-2011 | ਛੁੱਟੀ | ਛੁੱਟੀ | ਛੁੱਟੀ | ਛੁੱਟੀ | ਛੁੱਟੀ |
| 14-03-2011 | ਸੋਮਵਾਰ | ਹਿਸਾਬ | ਅੰਗਰੇਜ਼ੀ | ਗਣਿਤ | ਗਣਿਤ |
| 15-03-2011 | ਮੰਗਲਵਾਰ | ਸਰੀਰਕ ਸਿੱਖਿਆ | ਚੋਣਵਾ ਵਿਸ਼ਾ | ਛੁੱਟੀ | ਕੰਪਿਊਟਰ |
| 16-03-2011 | ਬੁੱਧਵਾਰ | ਚੋਣਵਾਂ ਵਿਸ਼ਾ | ਸਮਾਜਿਕ ਸਿੱਖਿਆ | ਸਮਾਜਿਕ ਸਿੱਖਿਆ | ਹਿੰਦੀ |
| 17-03-2011 | ਵੀਰਵਾਰ | ਛੁੱਟੀ | ਪੰਜਾਬੀ | ਚੋਣਵਾ ਵਿਸ਼ਾ | ਸਮਾਜਿਕ ਸਿੱਖਿਆ |
| 18-03-2011 | ਸ਼ੁਕਰਵਾਰ | ਸਾਇੰਸ | ਛੁੱਟੀ | ਸਰੀਰਕ ਸਿੱਖਿਆ | ਸਰੀਰਕ ਸਿੱਖਿਆ |
| 19-03-2011 | ਸ਼ਨੀਵਾਰ | ਹਿੰਦੀ | ਹਿਸਾਬ | ਹਿੰਦੀ | ਪੰਜਾਬੀ-ਬੀ |

| ਮਿਤੀ | ਦਿਨ | ਜਮਾਤ ਛੇਵੀਂ | ਜਮਾਤ ਸੱਤਵੀਂ | ਜਮਾਤ ਅੱਠਵੀਂ | ਜਮਾਤ ਨੌਵੀਂ |
|---|---|---|---|---|---|
| 20-03-2011 | ਐਤਵਾਰ | ਛੁੱਟੀ | ਛੁੱਟੀ | ਛੁੱਟੀ | ਛੁੱਟੀ |
| 21-03-2011 | ਸੋਮਵਾਰ | ਸਮਾਜਿਕ ਸਿੱਖਿਆ | ਸਾਇੰਸ | ਅੰਗਰੇਜ਼ੀ | ਅੰਗਰੇਜ਼ੀ |

ਨੋਟ :-

1) ਹਰੇਕ ਵਿਸ਼ੇ ਦੀ ਪ੍ਰੀਖਿਆ ਦਾ ਸਮਾਂ ਸਵੇਰੇ 10:00 ਵਜੇ ਤੋਂ 1:00 ਵਜੇ ਤੱਕ ਹੋਵੇਗਾ।
2) +1 ਦੀ ਡੇਟਸ਼ੀਟ ਸਕੂਲ ਮੁੱਖੀ ਆਪਣੇ ਪੱਧਰ ਤੇ ਬਣਾਉਣ ਤੇ ਇਹ ਸੁਨਿਸ਼ਚਿਤ ਕਰਨ ਕਿ ਇਹ ਪ੍ਰੀਖਿਆ ਮਿਤੀ 09-03-2011 ਤੋਂ 21-03-2011 ਤੱਕ ਲਈ ਜਾਵੇ।
3) ਵਾਤਾਵਰਣ ਸਿੱਖਿਆ ਅਤੇ ਹਰੇਕ ਵਿਸ਼ੇ ਦੀਆਂ ਪ੍ਰਯੋਗੀ ਪ੍ਰੀਖਿਆਵਾਂ ਲਈ ਸਮਾਂ/ਮਿਤੀ ਸਮੂਹ ਮੁੱਖੀ ਆਪਣੇ ਪੱਧਰ ਤੇ ਨਿਯਤ ਕਰਨਗੇ।
4) ਸਾਲਾਨਾ ਨਤੀਜਾ ਹਰ ਪੱਖੋਂ ਮੁਕੰਮਲ ਕਰਕੇ ਮਿਤੀ 31-03-2011 ਨੂੰ ਘੋਸ਼ਿਤ ਕੀਤਾ ਜਾਵੇ।
5) ਸਕੂਲ ਮੁੱਖੀ ਯਕੀਨੀ ਬਣਾਏ ਕਿ ਪਰਚਿਆਂ ਦੀ ਟੇਬਲ ਮਾਰਕਿੰਗ ਹਰ ਰੋਜ਼ ਹੋਵੇ ਅਤੇ ਪਰਚਿਆਂ ਦੇ ਅੰਕਾਂ ਦਾ ਜੋੜ ਦੁਬਾਰਾ ਸੀਨੀਅਰ ਅਧਿਆਪਕਾਂ ਤੋਂ ਲਾਜ਼ਮੀ ਚੈਂਕ ਕਰਵਾਇਆ ਜਾਵੇ।
6) ਰਿਕਾਰਡ (ਰਜਿਸਟਰ,ਪ੍ਰਗਤੀ ਕਾਰਡ) ਵੀ ਨਾਲ ਦੀ ਨਾਲ ਮੁਕੰਮਲ ਕਰਕੇ ਨਤੀਜਾ ਕੰਪਿਊਟਰ ਤੇ ਫੀਡ ਕੀਤਾ ਜਾਵੇ।
7) ਪ੍ਰੀਖਿਆ ਨੂੰ ਨਕਲ ਰਹਿਤ ਬਣਾਉਣਾ ਯਕੀਨੀ ਬਣਾਇਆ ਜਾਵੇ।
8) ਪ੍ਰਸ਼ਨ ਪੱਤਰਾਂ ਵਾਲੇ ਬੰਡਲ ਪ੍ਰੀਖਿਆ ਵਾਲੇ ਦਿਨ ਹੀ ਖੋਲ੍ਹੇ ਜਾਣ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ, ਚੰਡੀਗੜ੍ਹ